ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਝੋਨੇ ਦੇ ਬੀਜ ਨੂੰ ਸੋਧਣ ਲਈ ਪੀ.ਏ.ਯੂ. ਮਾਹਿਰਾਂ ਨੇ ਦੱਸੇ ਗੁਰ

ਝੋਨੇ ਨੂੰ ਬੀਜ ਰਾਹੀਂ ਹੋਣ ਵਾਲ਼ੀਆਂ ਬਿਮਾਰੀਆਂ ਤੋਂ ਬਚਾਉਣ ਲਈ ਬੀਜ ਦੀ ਸੋਧ ਜ਼ਰੂਰੀ : ਪੀ.ਏ.ਯੂ ਮਾਹਿਰ

ਫ਼ਸਲ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਬੀਜ ਦੀ ਸੋਧ ਜ਼ਰੂਰੀ : ਪੀ.ਏ.ਯੂ. ਮਾਹਿਰ

ਅੰਮ੍ਰਿਤਸਰ, 16 ਮਈ

ਝੋਨੇ ਦੇ ਬੀਜ ਉਤੇ ਕਈ ਤਰਾਂ ਦੀਆਂ ਬਿਮਾਰੀਆਂ ਦੇ ਜਰਾਸੀਮ ਪਲਦੇ ਰਹਿਦੇ ਹਨ ਜੋ ਬਾਅਦ ਚ, ਬੀਜ ਦੇ ਪੁੰਗਾਰ, ਪਨੀਰੀ ਅਤੇ ਫਸਲ ਤੇ ਮਾੜਾ ਅਸਰ ਪਾਉਂਦੇ ਹਨ । ਇਸ ਲਈ ਇਹਨਾਂ ਬਿਮਾਰੀਆਂ ਦੀ ਲਾਗ ਨੂੰ ਰੋਕਣ ਲਈ ਬੀਜ ਦੀ ਸੋਧ ਜ਼ਰੂਰੀ ਹੋ ਜਾਂਦੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੀ.ਏ.ਯੂ. ਦੇ ਪੌਦਾ ਰੋਗ ਵਿਗਿਆਨੀ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਬਿਜਾਈ ਤੋਂ ਪਹਿਲਾਂ ਬੀਜ ਦੀ ਸੋਧ , ਬੀਜ ਨੂੰ ਤੰਦਰੁਸਤ, ਬਿਮਾਰੀ ਰਹਿਤ ਤੇ ਜ਼ਿਆਦਾ ਝਾੜ ਦੇਣ ਵਾਲ਼ਾ ਬਣਾਉਂਦੀ ਹੈ। ਝੋਨੇ ਵਿਚ ਇਕ ਏਕੜ ਬੀਜ ਦੀ ਸੋਧ ਦੀ ਕੀਮਤ 30 ਰੁਪਏ ਤੋਂ ਵੀ ਘਟ ਪੈਂਦੀ ਹੈ। ਬੀਜ ਦੀ ਸੋਧ ਕਰਕੇ ਨਰਸਰੀ ਬੀਜਣ ਨਾਲ ਪੁੰਗਾਰ ਵਿਚ 20-25% ਤਕ ਦਾ ਵਾਧਾ ਹੋ ਸਕਦਾ ਹੈ। ਝੋਨੇ ਵਿਚ ਬੀਜ ਸੋਧ ਨਾਲ਼ ਬੀਜ ਉਪਰੋਂ ਬਿਮਾਰੀ ਦੀ ਅਗੇਤੀ ਲਾਗ ਨਸ਼ਟ ਹੋ ਜਾਂਦੀ ਹੈ ਜਿਸ ਕਰਕੇ ਬਾਅਦ ਵਿਚ ਖੇਤ ਵਿਚ ਉਲੀਨਾਸ਼ਕ ਦੀ ਲੋੜ ਘੱਟ ਪੈਂਦੀ ਹੈ। ਪਰ ਇਸ ਗਲ ਦੀ ਸਾਵਧਾਨੀ ਜ਼ਰੂਰ ਵਰਤਣੀ ਚਾਹੀਦੀ ਹੈ ਕਿ ਉਲੀਨਾਸ਼ਕ ਦੀ ਸਹੀ ਮਾਤਰਾ ਨਾਲ਼ ਹੀ ਬੀਜ ਦੀ ਸੋਧ ਕੀਤੀ ਜਾਵੇ। ਵਧੇਰੇ ਜਾਂ ਘਟ ਉਲੀਨਾਸ਼ਕ ਦੀ ਮਾਤਰਾ ਨੁਕਸਾਨਦਾਇਕ ਹੋ ਸਕਦੀ ਹੈ।

ਉਨਾਂ ਕਿਸਾਨਾਂ ਨੂੰ ਸਲਾਹ ਦਿੰਦਿਆਂ ਕਿਹਾ ਕਿ ਇਕ ਏਕੜ ਵਿਚ ਝੋਨੇ ਦੀ ਪਨੀਰੀ ਲਗਾਉਣ ਲਈ 8 ਕਿਲੋ ਨਿਰੋਗ ਬੀਜ ਚੁਣੋ। ਇਸ ਚੁਣੇ ਹੋਏ ਬੀਜ ਨੂੰ 10 ਲੀਟਰ ਪਾਣੀ ਵਿਚ ਡੁਬੋ ਕੇ ਚੰਗੀ ਤਰਾਂ ਹਿਲਾਓ। ਜਿਹੜਾ ਹਲਕਾ ਬੀਜ ਪਾਣੀ ਉਤੇ ਤਰ ਆਵੇ ਉਸ ਨੂੰ ਬਾਹਰ ਕੱਢ ਕੇ ਸੁੱਟ ਦਿਉ। ਬੀਜ ਨੂੰ 10-12 ਘੰਟੇ ਲਈ ਪਾਣੀ ਵਿਚ ਡੋਬਣ ਤੋਂ ਬਾਅਦ ਵਾਧੂ ਪਾਣੀ ਨਿਤਾਰ ਦਿਉ ਅਤੇ ਬੀਜ ਨੂੰ ਛਾਵੇਂ ਸੁਕਾ ਕੇ ਉਲੀਨਾਸ਼ਕ ਨਾਲ਼ ਸੋਧੋ।ਅਠ ਕਿਲੋ ਬੀਜ ਨੂੰ ਬੀਜਣ ਤੋਂ ਪਹਿਲਾਂ 24 ਗ੍ਰਾਮ ਸਪਰਿੰਟ 75 ਡਬਲਯੂ ਐਸ (ਮੈਨਕੋਜ਼ੈਬ + ਕਾਰਬੈਂਡਾਜ਼ਿਮ) ਨਾਲ਼ ਸੋਧੋ।ਪਹਿਲਾਂ 24 ਗ੍ਰਾਮ ਸਪਰਿੰਟ ਨੂੰ 80-100 ਮਿ.ਲਿ. ਪਾਣੀ ਵਿਚ ਘੋਲ਼ ਲਵੋ ਅਤੇ ਫਿਰ ਚੰਗੀ ਤਰਾਂ ਇਸ ਨੂੰ 8 ਕਿੱਲੋ ਬੀਜ ਤੇ ਮਲ ਦਿਉ। ਇਹ ਬੀਜ ਦੀ ਸੋਧ ਸਿਧੀ ਬਿਜਾਈ ਲਈ ਵੀ ਕਰ ਸਕਦੇ ਹੋ।

========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਅੰਮ੍ਰਿਤਸਰ ਤੋਂ ਬਸਤੀ ਅਤੇ ਮੁਜ਼ਫਰਪੁਰ ਲਈ ਦੋ ਰੇਲ ਗੱਡੀਆਂ ਰਵਾਨਾ

ਅੰਮ੍ਰਿਤਸਰ, 16 ਮਈ (          )-ਇਕ ਪਾਸੇ ਕਈ ਰਾਜਾਂ ਤੋਂ ਪ੍ਰਵਾਸੀ ਮਜ਼ਦੂਰਾਂ ਦੇ ਆਪਣੇ ਘਰਾਂ ਨੂੰ ਪਰਤਣ ਮੌਕੇ ਨੰਗੇ ਪੈਰ ਅਤੇ ਭੁੱਖੇ ਢਿੱਡ ਤੁਰਦਿਆਂ ਦੀਆਂ ਖ਼ਬਰਾਂ ਆ ਰਹੀਆਂ ਹਨ, ਜਿੰਨਾ ਵਿਚੋਂ ਕਈ ਰਸਤੇ ਵਿਚ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ, ਉਥੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੋਵਿਡ ਸੰਕਟ ਦੇ ਚੱਲਦੇ ਪੰਜਾਬ ਵਿਚ ਫਸੇ ਪ੍ਰਵਾਸੀਆਂ ਨੂੰ ਉਨਾਂ ਦੇ ਘਰ ਭੇਜਣ ਲਈ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ, ਜਿਸ ਤਹਿਤ ਰੇਲਵੇ ਦੀਆਂ ਗੱਡੀਆਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਬੀਤੇ 10 ਕੁ ਦਿਨਾਂ ਤੋਂ ਰੋਜ਼ਾਨਾ ਪੰਜਾਬ ਦੇ ਹਰੇਕ ਸ਼ਹਿਰ ਵਿਚੋਂ ਰੇਲ ਗੱਡੀਆਂ ਪ੍ਰਵਾਸੀਆਂ ਦੇ ਘਰਾਂ ਨੂੰ ਜਾ ਰਹੀਆਂ ਹਨ।

ਅੱਜ ਅੰਮ੍ਰਿਤਸਰ ਵਿਚੋਂ ਦੋ ਰੇਲ ਗੱਡੀਆਂ ਪ੍ਰਵਾਸੀਆਂ ਨੂੰ ਲੈ ਕੇ ਉਤਰ ਪ੍ਰਦੇਸ਼ ਲਈ ਗਈਆਂ, ਜਿੰਨਾ ਵਿਚੋਂ ਇਕ ਗੱਡੀ ਬਸਤੀ ਅਤੇ ਦੂਸਰੀ ਮੁਜ਼ਰਫਪੁਰ ਲਈ ਰਵਾਨਾ ਹੋਈ। ਦੋਵਾਂ ਗੱਡੀਆਂ ਵਿਚ ਹੀ 1200-1200 ਯਾਤਰੀ ਸਵਾਰ ਸਨ, ਜੋ ਕਿ ਸੁਰੱਖਿਆ ਸਫਰ ਲਈ ਸਰਕਾਰ ਵੱਲੋਂ ਤੈਅ ਕੀਤੀ ਗਈ ਹੈ। ਪ੍ਰਵਾਸੀਆਂ ਦਾ ਵੱਖ-ਵੱਖ ਥਾਵਾਂ ਉਤੇ ਮੈਡੀਕਲ ਨਿਰੀਖਣ ਕਰਵਾ ਕੇ ਉਨਾਂ ਨੂੰ ਬੱਸਾਂ ਵਿਚ ਰੇਲਵੇ ਸਟੇਸ਼ਨ ਲਿਆਂਦਾ ਗਿਆ, ਜਿਥੋਂ ਉਹ ਗੱਡੀਆਂ ਵਿਚ ਸਵਾਰ ਹੋਏ। ਇਸ ਮੌਕੇ ਡਿਪਟੀ ਡਾਇਰੈਕਟਰ ਸਥਾਨਕ ਸਰਕਾਰਾਂ ਸ੍ਰੀ ਰਜਤ ਉਬਰਾਏ, ਐਸ ਡੀ ਐਮ ਸ੍ਰੀ ਵਿਕਾਸ ਹੀਰਾ, ਤਹਿਸੀਲਦਾਰ ਵੀਰ ਕਰਨ ਸਿੰਘ, ਨਾਇਬ ਤਹਿਸੀਲਦਾਰ ਸ੍ਰੀਮਤੀ ਅਰਚਨਾ ਸ਼ਰਮਾ, ਕਾਨੂੰਗੋ ਸ੍ਰੀ ਅਸ਼ੋਕ ਕੁਮਾਰ ਤੇ ਹੋਰ ਅਧਿਕਾਰੀ ਪ੍ਰਵਾਸੀਆਂ ਨੂੰ ਗੱਡੀਆਂ ਵਿਚ ਬਿਠਾਉਣ ਲਈ ਕੀਤੇ ਗਏ ਪ੍ਰਬੰਧਾਂ ਦੀ ਨਜ਼ਰਸਾਨੀ ਕਰਦੇ ਨਜ਼ਰ ਆਏ। ਸਾਰੇ ਪ੍ਰਵਾਸੀਆਂ ਨੂੰ ਪਾਣੀ, ਖਾਣਾ ਤੇ ਮੂੰਹ ਉਤੇ ਪਾਉਣ ਲਈ ਮਾਸਕ ਵੀ ਜਿਲਾ ਪ੍ਰਸ਼ਾਸਨ ਵੱਲੋਂ ਮੁਹੱਇਆ ਕਰਵਾਏ ਗਏ, ਤਾਂ ਕਿ ਉਹ ਬਿਨਾਂ ਕਿਸੇ ਸੰਕਟ ਦੇ ਆਪਣੇ ਘਰ ਪਹੁੰਚ ਸਕਣ। ਪ੍ਰਵਾਸੀਆਂ ਦੇ ਚਿਹਰਿਆਂ ਉਤੇ ਘਰ ਜਾਣ ਦੀ ਖੁਸ਼ੀ ਸਪੱਸ਼ਟ ਵਿਖਾਈ ਦੇ ਰਹੀ ਸੀ।

ਕੈਪਸ਼ਨ

ਪ੍ਰਵਾਸੀ ਕਾਮਿਆਂ  ਨੂੰ ਆਪਣੇ ਘਰਾਂ ਲਈ ਰਵਾਨਾ ਕਰਨ ਮੌਕੇ ਐਸ ਡੀ ਐਮ ਸ੍ਰੀ ਵਿਕਾਸ ਹੀਰਾ ਤੇ ਹੋਰ।

=============

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਸਰਕਾਰ ਵੱਲੋਂ ਦਿੱਤੀ ਖੁੱਲ ਦਾ ਨਾਜ਼ਾਇਜ਼ ਫਾਇਦਾ ਨਾ ਲਵੋ-ਸੋਨੀ

ਹਲਕਾ ਅੰਮ੍ਰਿਤਸਰ ਕੇਂਦਰੀ ਲਈ ਤਿੰਨ ਟਰੱਕ ਰਾਸ਼ਨ ਦੇ ਹੋਰ ਭੇਜੇ

ਅੰਮ੍ਰਿਤਸਰ, 16 ਮਈ ( )-ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ ਨੇ ਕਿਹਾ ਹੈ ਕਿ ਕੋਵਿਡ-19 ਦੇ ਮੱਦੇਨਜ਼ਰ ਪੰਜਾਬ ਅੰਦਰ ਲਗਾਇਆ ਗਿਆ ਕਰਫਿਊ ਫਿਲਹਾਲ ਜਾਰੀ ਹੈ, ਪਰ ਆਮ ਲੋਕਾਂ ਦੀਆਂ ਲੋੜਾਂ ਨੂੰ ਵੇਖਦੇ ਹੋਏ ਸਰਕਾਰ ਵੱਲੋਂ ਕਰਫਿਊ ਵਿਚ ਢਿੱਲ ਦਿੱਤੀ ਗਈ ਹੈ, ਤਾਂ ਕਿ ਜਿੱਥੇ ਦੁਕਾਨਾਂ/ਕਾਰੋਬਾਰੀ ਸੰਸਥਾਵਾਂ ਨੂੰ ਨਿਰਧਾਰਤ ਸਮੇਂ ਅਨੁਸਾਰ ਕੰਮ ਕਰਨ ਦੀ ਅਗਿਆ ਮਿਲ ਸਕੇ, ਉਥੇ ਲੋਕ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਲਈ ਖਰੀਦਦਾਰੀ ਕਰ ਸਕਣ, ਪਰ ਲੋਕਾਂ ਨੂੰ ਇਸ ਖੁੱਲ ਦਾ ਨਾਜਾਇਜ਼ ਲਾਭ ਨਾ ਲੈ ਕੇ ਇਸ ਨੂੰ ਸਾਵਧਾਨੀ ਨਾਲ ਆਪਣੇ ਕੰਮ ਲਈ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ, ਤਾਂ ਕਿ ਵਾਇਰਸ ਤੋਂ ਬਚਿਆ ਰਹਿ ਸਕੀਏ।

ਉਨਾਂ ਦੱਸਿਆ ਕਿ ਇਨਾਂ ਦੁਕਾਨਾਂ/ਕਾਰੋਬਾਰੀ ਸੰਸਥਾਵਾਂ ਦਾ ਸਮਾਂ ਜੋ ਕਿਪਹਿਲਾਂ ਸਵੇਰੇ 7 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਰੱਖਿਆ ਗਿਆ ਸੀ ਨੂੰ ਬਦਲਦਿਆਂ ਇਹ ਸਮਾਂ ਹੁਣ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਕਰ ਦਿੱਤਾ ਗਿਆ ਹੈ, ਪਰ ਲੋਕਾਂ ਨੂੰ ਇਹ ਹਦਾਇਤ ਵੀ ਕੀਤੀ ਗਈ ਹੈ ਕਿ ਮਾਸਕ ਜ਼ਰੂਰ ਪਾਉ, ਹੱਥਾਂ ਦੀ ਸਫਾਈ ਰੱਖੋ ਅਤੇ ਆਪਸੀ ਦੂਰੀ ਬਣਾਈ ਰੱਖੋ। ਉਨਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਦੁਕਾਨਾਂ ਉਤੇ ਹੱਥਾਂ ਦੀ ਸਫਾਈ ਲਈ ਪ੍ਰਬੰਧ ਜ਼ਰੂਰ ਕਰਨ, ਤਾਂ ਕਿ ਗਾਹਕ ਤੇ ਕੰਮ ਕਰਨ ਵਾਲੇ ਕਰਮਚਾਰੀ ਵਾਇਰਸ ਤੋਂ ਬਚੇ ਰਹਿਣ। ਸ੍ਰੀ ਸੋਨੀ ਨੇ ਅੱਜ ਆਪਣੇ ਹਲਕੇ ਅੰਮ੍ਰਿਤਸਰ ਕੇਂਦਰੀ ਦੇ 600 ਪਰਿਵਾਰਾਂ ਲਈ 3 ਟਰੱਕ ਸੁੱਕੇ ਰਾਸ਼ਨ ਦੇ ਤੋਰੇ ਅਤੇ ਇਲਾਕੇ ਦੇ ਮੋਹਤਬਰਾਂ ਨੂੰ ਅਪੀਲ ਕੀਤੀ ਕਿ ਉਹ ਇਹ ਯਕੀਨੀ ਬਨਾਉਣ ਕਿ ਕੋਈ ਵੀ ਘਰ ਰੋਟੀ ਤੋਂ ਵਾਂਝਾ ਨਾ ਰਹੇ। ਉਨਾਂ ਕਿਹਾ ਕਿ ਕਿਸੇ ਚੀਜ਼ ਦੀ ਕੋਈ ਘਾਟ ਨਹੀਂ ਹੈ, ਲੋੜ ਹੈ ਸਿਰਫ ਲੋੜਵੰਦਾਂ ਤੱਕ ਪਹੁੰਚ ਕਰਨ ਦੀ। ਇਸ ਮੌਕੇ ਸ੍ਰੀ ਵਿਕਾਸ ਸੋਨੀ, ਸ੍ਰੀ ਜੁਗਲ ਕਿਸ਼ੋਰ ਸ਼ਰਮਾ, ਸ੍ਰੀ ਰਾਘਵ ਸੋਨੀ, ਸ੍ਰੀ ਸ਼ਾਮ ਸੋਨੀ, ਸ੍ਰੀ ਅਸ਼ਵਨੀ ਕੁਮਾਰ ਪੱਪੂ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਕੈਪਸ਼ਨ

600 ਪਰਿਵਾਰਾਂ ਲਈ ਤਿੰਨ ਟਰੱਕ ਰਾਸ਼ਨ ਦੇ ਤੋਰਨ ਮੌਕੇ ਸ੍ਰੀ ਓ ਪੀ ਸੋਨੀ ਤੇ ਹੋਰ ਪਤਵੰਤੇ।

==============

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਸ੍ਰੀ ਓ ਪੀ ਸੋਨੀ ਵੱਲੋਂ ਫ਼ਿਲਮ 'ਸੁੱਖ' ਦਾ ਪੋਸਟਰ ਜਾਰੀ

ਅੰਮ੍ਰਿਤਸਰ, 16 ਮਈ ( )-ਮਾਨਯੋਗ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ ਨੇ ਆਪਣੇ ਗ੍ਰਹਿ ਵਿਖੇ ਅੰਮ੍ਰਿਤ ਫਾਊਂਡੇਸ਼ਨ ਅਤੇ ਅਲਫਾਜ਼ ਥੀਏਟਰ ਆਰਗੇਨਾਇਜੇਸ਼ਨ ਦੀ ਸਾਂਝੀ ਪੇਸ਼ਕਾਰੀ, ਫ਼ਿਲਮ "ਸੁੱਖ" ਦਾ ਪੋਸਟਰ ਰਸਮੀ ਤੌਰ ਤੇ ਜਾਰੀ ਕੀਤਾ । ਫਿਲਮ "ਸੁੱਖ" ਦੀ ਕਹਾਣੀ, ਸਕਰੀਨਪਲੇਅ ਅਤੇ ਸੰਵਾਦ ਡਾ. ਜਸਵਿੰਦਰ ਸਿੰਘ ਗਾਂਧੀ ਅਤੇ ਜਸਵੰਤ ਸਿੰਘ ਮਿੰਟੂ ਦੁਆਰਾ ਲਿਖੇ ਗਏ ਹਨ । ਫ਼ਿਲਮ ਦੀ ਨਿਰਦੇਸ਼ਨਾ ਜਸਵੰਤ ਮਿੰਟੂ ਨੇ ਕੀਤੀ ਹੈ। ਫਿਲਮ ਦੀ ਪ੍ਰੋਡਕਸ਼ਨ ਅਲਫਾਜ਼ ਥੀਏਟਰ ਆਰਗੇਨਾਇਜੇਸ਼ਨ ਦੀ ਹੈ। ਇਸ ਮੌਕੇ ਸ੍ਰੀ ਸੁਰਿੰਦਰ ਫਰਿਸ਼ਤਾ, ਡਾ. ਮਨਦੀਪ ਘਈ, ਡਾ. ਜਸਵਿੰਦਰ ਸਿੰਘ ਗਾਂਧੀ, ਆਰ.ਪੀ.ਸਿੰਘ ਬੋਪਾਰਾਏ, ਸ੍ਰੀ ਪ੍ਰੇਮ ਸੇਠ ਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

ਇਸ ਫ਼ਿਲਮ ਵਿੱਚ ਵੀ ਸਮਾਜ ਵਿੱਚ ਰਿਸ਼ਤਿਆਂ ਦੇ ਅੰਦਰ ਮੋਹ ਦੀਆਂ ਸੁੰਗੜਦੀਆਂ ਤੰਦਾਂ , ਇਨਸਾਨੀ ਜਜ਼ਬਿਆਂ ਦੇ ਨਿਘਾਰ ਅਤੇ ਵੱਧ ਰਹੀ ਵਿਅਕਤੀਵਾਦੀ ਸੋਚ ਉੱਤੇ ਚੋਟ ਕੀਤੀ ਗਈ ਹੈ । ਫਿਲਮ ਵਿੱਚ ਕਲਾਕਾਰ ਅਸ਼ੋਕ ਅਜ਼ੀਜ਼, ਜਸਵੰਤ ਸਿੰਘ ਮਿੰਟੂ , ਸਰੋਜ ਸ਼ਰਮਾ, ਅਭੀ ਨਰੂਲਾ, ਡਾ. ਜਸਵਿੰਦਰ ਸਿੰਘ ਗਾਂਧੀ, ਸੁਧੀਰ ਕੁਮਾਰ, ਸੁੱਖਚੈਨ,ਬੌਬੀ ਚਾਹਲ, ਗੁਰਪ੍ਰੀਤ ਗੈਰੀ, ਬਲਜਿੰਦਰ ਸਿੰਘ ਕਲਸੀ ਨੇ ਅਦਾਕਾਰੀ ਕੀਤੀ ਹੈ। ਡਾਇਰੈਕਟਰ ਆਫ਼ ਫ਼ੋਟੋਗਰਾਫੀ ਨਕਾਸ਼ ਚਿੱਤੇਵਾਣੀ , ਗਾਇਨ ਗਗਨ ਵਡਾਲੀ, ਪਿੱਠਵਰਤੀ ਸੰਗੀਤ ਜੀ ਸਟੂਡੀਓ ਦਾ ਹੈ। ਮੇਕਅੱਪ ਸੁਧੀਰ ਕੁਮਾਰ ਨੇ ਕੀਤਾ ਹੈ। ਫਿਲਮ ਦੇ ਅੰਗਰੇਜ਼ੀ ਸਬ- ਟਾਈਟਲਜ਼ ਕੰਵਲਜੀਤ ਕੌਰ ਨੇ ਦਿੱਤੇ ਹਨ ਅਤੇ ਪੋਸਟਰ ਡਿਜ਼ਾਈਨ ਨੀਰਜ ਸੈਨੀ ਦਾ ਹੈ।ਇਹ ਫ਼ਿਲਮ 20 ਮਈ ਨੂੰ ਓ ਟੀ ਟੀ ਪਲੇਟਫਾਰਮ ਰਾਹੀਂ ਦਰਸ਼ਕਾਂ ਦੇ ਸਾਹਮਣੇ ਪੇਸ਼ ਕੀਤੀ ਜਾਵੇਗੀ ।

ਕੈਪਸ਼ਨ

ਫਿਲਮ ਸੁੱਖ ਦਾ ਪੋਸਟਰ ਜਾਰੀ ਕਰਦੇ ਹੋਏ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ।

============